ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ,ਚੰਡੀਗੜ੍ਹ
ਐਸ.ਸੀ.ਓ.ਨੰ: 104-106, ਦੂਜੀ ਮੰਜਿਲ, ਸੈਕਟਰ-34 ਏ, ਚੰਡੀਗੜ੍ਹ
ਫੋਨ ਨੰ: 0172-5083034, ਫੈਕਸ ਨੰ: 2624687 ਈ-ਮੇਲ : grievance.edu.pb@gmail.com

ਵੱਲ

ਸਮੂਹ ਮੰਡਲ ਸਿੱਖਿਆ ਅਫਸਰ
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)ਪੰਜਾਬ(ਵੈਬ ਸਾਈਟ ਰਾਹੀਂ)
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ)ਪੰਜਾਬ
ਸਮੂਹ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਜਾਬ
ਸਮੂਹ ਮੁੱਖ ਅਧਿਆਪਕ ਸਰਕਾਰੀ ਹਾਈ ਸਕੂਲ/ਮਿਡਲ ਸਕੂਲ/ਪ੍ਰਾਇਮਰੀ ਸਕੂਲ

ਮੀਮੋ ਨੰ: ਸਸਅ/2012/ਸ਼ਿਕਾਇਤ ਨਿਵਾਰਣ ਸੈਲ/ ੪੧੫੫੪
ਮਿਤੀ,ਚੰਡੀਗੜ੍ਹ: 5.12.2012

ਵਿਸ਼ਾ: ਸ਼ਿਕਾਇਤ ਨਿਵਰਾਣ ਸੈਲ।

1.0 ਇਹ ਦੇਖਿਆ ਗਿਆ ਹੈ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਕੰਮ ਕਰਦੇ ਅਧਿਆਪਕ ਅਤੇ ਕਰਮਚਾਰੀਆਂ ਦੇ ਮਸਲੇ ਕਈ ਵਾਰ ਲੰਬੇ ਸਮੇਂ ਤੱਕ ਸਿੱਖਿਆ ਵਿਭਾਗ ਦੇ ਸਰਕਾਰੀ ਦਫਤਰਾਂ ਵਿੱਚ ਲੰਬਿਤ ਪਏ ਰਹਿੰਦੇ ਹਨ ਜਿਹਨਾਂ ਨੂੰ ਹੱਲ ਕਰਵਾਉਣ ਲਈ ਇਹ ਕਰਮਚਾਰੀ ਗਾਹੇ ਬਿਗਾਹੇ ਇਹਨਾਂ ਦਫਤਰ ਦੇ ਗੇੜੇ ਮਾਰਦੇ ਰਹਿੰਦੇ ਹਨ ।ਇਸ ਤਰ੍ਹਾ ਕਰਨ ਨਾਲ ਜਿਥੇ ਮੁਲਾਜਮਾਂ ਨੂੰ ਮਾਨਸਿਕ ਅਤੇ ਸਰੀਰਕ ਪ੍ਰੇਸਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ ਉਥੇ ਸਕੂਲਾਂ ਵਿੱਚ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਵੀ ਹੁੰਦਾ ਹੈ।

2.0 ਇਹ ਫੈਸਲਾ ਕੀਤਾ ਗਿਆ ਕਿ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੀ ਵਰਤੋਂ ਕਰਦੇ ਹੋਏ ਇਸ ਦਫਤਰ ਵਿੱਚ ਇਕ ਸ਼ਿਕਾਇਤ ਨਿਵਾਰਨ ਸੈਲ ਸਕੂਲਜ(Grievance Removal Cell,Schools) ਦੀ ਸਥਾਪਨਾ ਕੀਤੀ ਜਾਵੇ ਜਿਥੇ ਸਿੱਖਿਆ ਵਿਭਾਗ ਦੇ ਸਮੂਹ ਕਰਮਚਾਰੀ/ਅਧਿਆਪਕ ਆਪਣੀ ਸ਼ਿਕਾਇਤ/ਤਕਲੀਫ ਬਾਰੇ ਵਿਭਾਗ ਦੀ ਵੈਬ ਸਾਈਟ www.ssapunjab.org ਤੇ ਦਿੱਤੇ Link Grievance Removal Cell ਤੇ ਜਾਣਕਾਰੀ ਦੇ ਸਕਦੇ ਹਨ। ਇਸ ਲਿੰਕ ਤੇ ਦਿੱਤੀ ਜਾਣਕਾਰੀ ਨੂੰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਦੇ ਦਫਤਰ ਵਿੱਚ ਬਣੇ ਸੈਲ ਵੱਲੋਂ ਛਾਣਬੀਣ ਕਰਨ ਉਪਰੰਤ ਸਬੰਧਤ ਦਫਤਰ ਨੂੰ ਭੇਜਿਆ ਜਾਵੇਗਾ।

3.0 ਉਕਤ ਸਾਰੀ ਕਾਰਵਾਈ ਦਾ ਮਕਸਦ ਇਹ ਹੈ ਕਿ ਸਕੂਲਾਂ ਵਿੱਚ ਕੰਮ ਕਰਦੇ ਅਧਿਆਪਕ ਅਤੇ ਕਰਮਚਾਰੀ ਤਨਦੇਹੀ ਨਾਲ ਸਕੂਲਾਂ ਵਿੱਚ ਬੱਚਿਆਂ ਨੂੰ ਪੜ੍ਹਾਈ ਕਰਵਾਉਣ ਅਤੇ ਅਧਿਆਪਕਾਂ ਦੀਆਂ ਸਮੱਸਿਆਵਾਂ ਸਬੰਧੀ ਕਿਸੇ ਵੀ ਪ੍ਰੇਸਾਨੀ ਦਾ ਹੱਲ ਕਰਨ ਹਿੱਤ ਇਸ ਦਫਤਰ ਦੇ ਪੱਧਰ ਤੇ ਉਪਰਾਲੇ ਕੀਤੇ ਜਾਣ। ਉਕਤ ਨੂੰ ਮੁੱਖ ਰੱਖਕੇ ਸਿੱਖਿਆ ਵਿਭਾਗ ਵਿੱਚ ਕੰਮ ਕਰਦੇ ਸਮੂਹ ਕਰਮਚਾਰੀਆਂ/ਅਧਿਆਪਕਾਂ ਨੂੰ ਲਿਖਿਆ ਜਾਂਦਾ ਹੈ ਕਿ ਉਹਨਾਂ ਦੀ ਜੇਕਰ ਕੋਈ ਸਰਵਿਸ ਸਬੰਧੀ ਸਮੱਸਿਆ ਹੈ ਤਾਂ ਉਕਤ ਦੱਸੀ ਸਾਈਟ ਦੇ ਲਿੰਕ ਤੇ ਜਾ ਕੇ ਸਮੱਸਿਆ ਦੀ ਡਿਟੇਲ ਭਰਨ ਅਤੇ ਇਸ ਦਫਤਰ ਨੂੰ ਭੇਜਣ। ਇਸ ਦਫ਼ਤਰ ਦੇ ਪੱਧਰ ਤੇ ਇਹਨਾਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਹਿੱਤ ਉਪਰਾਲੇ ਕੀਤੇ ਜਾਣਗੇ। ਇਸ ਸਬੰਧੀ ਜੇਕਰ ਇਸ ਦਫਤਰ ਤੋਂ ਕੋਈ ਜਾਣਕਾਰੀ ਲੈਣੀ ਹੋਵੇ ਤਾਂ ਫੋਨ ਨੰ: 0172-5083034 ਤੇ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਇਸ ਸਬੰਧੀ ਬਣੀ ਮੇਲ ਆਈ.ਡੀ grievance.edu.pb@gmail.com ਤੇ ਲਿਖਿਆ ਜਾ ਸਕਦਾ ਹੈ।

ਕਾਹਨ ਸਿੰਘ ਪੰਨੂੰ,ਆਈ.ਏ.ਐਸ
ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ